ਮਿੱਠੇ ਬੱਚੇ:- "ਮਿੱਠੇ ਬੱਚੇ :- ਕਰਮ, ਅਕਰਮ, ਵਿਕਰਮ ਦੀ ਗਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਇਨ੍ਹਾਂ ਕਰਮਿੰਦ੍ਰਿਆਂ ਨਾਲ ਕੋਈ ਵੀ ਪਾਪ ਨਹੀਂ ਕਰਨਾ, ਦੇ ਦਾਨ ਤਾਂ ਛੁੱਟੇ ਗ੍ਰਹਿਣ"

ਪ੍ਰਸ਼ਨ:- ਕਿਸ ਗੱਲ ਵਿੱਚ ਬ੍ਰਹਮਾ ਬਾਪ ਨੂੰ ਫਾਲੋ ਕਰਨ ਵਾਲੇ ਬੱਚੇ ਭਵਿੱਖ ਵਿਚ ਤਖ਼ਤਨਸ਼ੀਨ ਬਣਦੇ ਹਨ?

ਉੱਤਰ:- ਜਿਵੇਂ ਬ੍ਰਹਮਾ ਬਾਪ ਦੇਹ ਸਹਿਤ ਪੂਰਾ ਬਲੀ ਚੜੇ, ਆਪਣਾ ਸਭ ਕੁਝ ਈਸ਼ਵਰ ਅਰਥ ਬੱਚਿਆਂ ਦੀ ਸੇਵਾ ਵਿਚ ਲਗਾ ਦਿੱਤਾ, ਡਾਇਰੈਕਟ ਇਨਸ਼ਿਓਰ ਕੀਤਾ ਇਸਲਈ ਵਿਸ਼ਵ ਦੀ ਰਾਜਾਈ ਮਿਲੀ, ਇਵੇਂ ਹੀ ਫਾਲੋ ਫਾਦਰ। ਸਪੂਤ ਬਣਨ ਦਾ ਸਰਟੀਫਿਕੇਟ ਲੈਣਾ ਹੈ। ਸਗੇ ਬਣ ਤਨ - ਮਨ - ਧਨ ਨਾਲ ਸੇਵਾ ਕਰਨੀ ਹੈ। ਬਾਪ ਦਾ ਪੂਰਾ ਮਦਦਗਾਰ ਬਣਨਾ ਹੈ। ਸਭ ਕੁਝ ਇਨਸ਼ੀਓਰ ਕਰ 21 ਜਨਮਾਂ ਦੀ ਰਾਜਾਈ ਦਾ ਹੱਕਦਾਰ ਬਣ ਸਕਦੇ ਹੋ।

ਗੀਤ:- ਬਚਪਨ ਕੇ ਦਿਨ ਭੁਲਾ ਨਾ ਦੇਣਾ...

ਓਮ ਸ਼ਾਂਤੀ। ਮਿੱਠੇ - ਮਿੱਠੇ ਬੱਚਿਆਂ ਨੇ ਗੀਤ ਸੁਣਿਆ। ਹੁਣ ਬੱਚਿਆਂ ਨੇ ਜਿਉਂਦੇ ਜੀ ਇਸ ਦੁਨੀਆ ਤੋਂ ਮਰ ਕੇ ਉਸ ਦੁਨੀਆ ਵਿਚ ਜਾਣ ਦੇ ਲਈ ਬਾਪ ਦੀ ਗੋਦ ਲਈ ਹੈ। ਕਿਹੜਾ ਬਾਪ ਹੈ? ਪਰਮਪਿਤਾ ਪਰਮ ਆਤਮਾ ਮਾਨਾ ਪਰਮਾਤਮਾ। ਹਮੇਸ਼ਾ ਜਦ ਸਮਝਾਉਂਦੇ ਹੋ ਤਾਂ ਇਵੇਂ ਨਾ ਕਹੋ ਬਾਬਾ ਜੋਤੀਲਿੰਗਮ ਹੈ, ਅਥਾਹ ਜੋਤੀ ਸਵਰੂਪ, ਹਜਾਰ ਸੂਰਜਾਂ ਤੋਂ ਤੇਜੋਮਯ ਹੈ, ਇਹ ਕਹਿਣਾ ਅਸਲ ਵਿਚ ਰਾਂਗ ਹੈ। ਕੀ ਕਹਿਣਾ ਹੈ? ਪਰਮਪਿਤਾ ਪਰਮਾਤਮਾ ਯਾਨੀ ਪਰਮ ਆਤਮਾ, ਉਹ ਸਦੈਵ ਪਰਮਧਾਮ ਵਿੱਚ ਰਹਿੰਦੇ ਹਨ। ਪਰਮ ਮਤਲਬ ਉੱਚ ਤੇ ਉੱਚ ਇਨਕਾਰਪੋਰੀਅਲ ਫਾਦਰ। ਉਹ ਸਾਰੀਆਂ ਆਤਮਾਵਾਂ ਦਾ ਬਾਪ ਹੈ ਇਸਲਈ ਉਨ੍ਹਾਂ ਨੂੰ ਸੁਪਰੀਮ ਕਿਹਾ ਜਾਂਦਾ ਹੈ। ਉਹ ਜਨਮ - ਮਰਨ ਦੇ ਚਕ੍ਰ ਵਿੱਚ ਨਹੀਂ ਆਉਂਦੇ ਹਨ। ਸਮਝਾਉਂਦੇ ਹਨ - ਬੱਚੇ, ਮੈਂ ਵੀ ਜੇਕਰ ਜਨਮ - ਮਰਨ ਦੇ ਚਕ੍ਰ ਵਿੱਚ ਆਵਾਂ ਤਾਂ ਫਿਰ ਸਭ ਦਾ ਉੱਧਾਰ ਕੌਣ ਕਰੇ? ਮੈਂ ਹੀ ਆਕੇ ਸਭ ਨੂੰ ਦੁੱਖਾਂ ਤੋਂ ਪਾਰ ਲੈ ਜਾਂਦਾ ਹਾਂ। ਦੁੱਖ ਹਰਤਾ ਅਤੇ ਸੁਖ ਦੇਣ ਵਾਲਾ ਮੈਂ ਹਾਂ ਪ੍ਰੰਤੂ ਜਾਣਦੇ ਨਹੀਂ ਹਨ। ਭਗਤੀ ਮਾਰਗ ਵਿੱਚ ਗਾਉਂਦੇ ਰਹਿੰਦੇ ਹਨ - ਓ ਪਰਮਪਿਤਾ ਪਰਮਾਤਮਾ! ਜਰੂਰ ਸਮਝਦੇ ਹਨ ਉਹ ਫਾਦਰ ਹੈ। ਪਰ ਸਾਡਾ ਬਾਪ ਕਿਵੇਂ ਹੈ, ਉਹ ਕੀ ਚੀਜ ਹੈ - ਇਹ ਨਹੀਂ ਜਾਣਦੇ ਹਨ। ਮਨੁੱਖ ਜਿਹਾ ਰੂਪ ਤਾਂ ਹੈ ਨਹੀ। ਬ੍ਰਹਮਾ, ਵਿਸ਼ਨੂੰ, ਸ਼ੰਕਰ ਨੂੰ ਵੀ ਯਾਦ ਕਰਦੇ ਹਨ। ਉਹ ਤੇ ਇਨ੍ਹਾਂ ਅੱਖਾਂ ਨਾਲ ਵੇਖਣ ਵਿੱਚ ਆਉਂਦੇ ਹਨ। ਬਾਕੀ ਇਹ (ਸ਼ਿਵ) ਕੌਣ ਹੈ, ਸ਼ਿਵ ਦੇ ਮੰਦਿਰ ਜਾਂਦੇ ਹਨ ਪਰ ਉਨ੍ਹਾਂ ਨੂੰ ਕਿਓਂ ਯਾਦ ਕਰਦੇ ਹਨ, ਇਹ ਨਹੀਂ ਜਾਣਦੇ।

ਬਾਪ ਬੈਠ ਸਮਝਾਉਂਦੇ ਹਨ ਦੇਵੀ - ਦੇਵਤੇ ਜਦੋਂ ਵਾਮਮਾਰਗ ਵਿੱਚ ਆਉਂਦੇ ਹਨ ਤਾਂ ਸੋਮਨਾਥ ਦਾ ਮੰਦਿਰ ਬਣਾਉਂਦੇ ਹਨ। ਸਿਰਫ ਇਨਾਂ ਸਮਝਦੇ ਹਨ ਕਿ ਸ਼ਿਵਬਾਬਾ ਹੈ, ਪਰ ਇਹ ਨਹੀਂ ਜਾਣਦੇ ਕਿ ਉਹ ਸਵਰਗ ਦਾ ਰਚਿਯਤਾ ਹੈ। ਸਾਨੂੰ ਸਵਰਗ ਦਾ ਮਾਲਿਕ ਬਨਾਉਣ ਵਾਲਾ ਹੈ। ਜੇਕਰ ਜਾਣਦੇ ਤਾਂ ਹੋਰਾਂ ਨੂੰ ਉਨ੍ਹਾਂ ਦੀ ਬਾਇਓਗ੍ਰਾਫੀ ਦੱਸਦੇ। ਡਰਾਮੇ ਵਿੱਚ ਨੂੰਧ ਹੀ ਨਾ ਜਾਨਣ ਦੀ ਹੈ। ਜਾਨਣਾ ਮਤਲਬ ਵਰਸਾ ਪਾਉਣਾ। ਨਾ ਜਾਨਣਾ ਮਤਲਬ ਵਰਸਾ ਗਵਾਉਣਾ। ਬਾਪ ਕਹਿੰਦੇ ਹਨ ਮੈਂ ਸਵਰਗ ਦਾ ਰਚਿਯਤਾ ਤੁਹਾਨੂੰ ਸੁਖ ਦਿੰਦਾ ਹਾਂ, ਪਾਵਨ ਬਣਾਉਂਦਾ ਹਾਂ। ਫਿਰ ਪੰਜ ਵਿਕਾਰ ਤੁਹਾਨੂੰ ਪਤਿਤ ਬਣਾਉਂਦੇ ਹਨ। ਕਲਾਵਾਂ ਘੱਟ ਹੁੰਦੀਆਂ ਜਾਂਦੀਆਂ ਹਨ। ਤੁਸੀਂ ਕਾਲ਼ੇ ਹੋ ਜਾਂਦੇ ਹੋ। ਪਹਿਲਾਂ ਤੁਸੀਂ 16 ਕਲਾ ਸੰਪੂਰਨ ਚੰਦਰਮਾ ਸੀ, ਪਾਵਨ ਸੀ, ਹੁਣ ਤੁਹਾਨੂੰ ਗ੍ਰਹਿਣ ਲੱਗ ਗਿਆ ਹੈ। ਬਾਬਾ ਕਹਿੰਦੇ ਹਨ ਦੇ ਦਾਨ ਤਾਂ ਛੁੱਟੇ ਗ੍ਰਹਿਣ। ਪੰਜਾਂ ਵਿਕਾਰਾਂ ਨੂੰ ਹੀ ਗ੍ਰਹਿਣ ਕਿਹਾ ਜਾਂਦਾ ਹੈ। ਜਿਸ ਨਾਲ ਤੁਸੀਂ ਆਤਮਾ ਦੁਖੀ, ਕਾਲੀ ਬਣ ਜਾਂਦੀ ਹੋ। ਬਾਪ ਕਹਿੰਦੇ ਹਨ। ਮੈਂ ਤੁਸੀਂ ਬ੍ਰਾਹਮਣਾਂ ਦਾ ਬਾਪ ਹਾਂ। ਹੇ ਬ੍ਰਹਾਮਣੋ, ਤੁਹਾਡੇ ਕੋਲ ਜੋ ਇਹ ਪੰਜ ਵਿਕਾਰ ਹਨ ਇਹ ਮੈਨੂੰ ਦਾਨ ਵਿੱਚ ਦੇ ਦੇਵੋ ਤਾਂ ਗ੍ਰਹਿਣ ਛੁੱਟੇ। ਅੱਜ ਤੋਂ ਦਾਨ ਦੇਕੇ ਫਿਰ ਕਦੇ ਉਨ੍ਹਾਂ ਨਾਲ ਕੁਝ ਨਹੀਂ ਕਰਨਾ। ਮਾਇਆ ਦੇ ਤੁਫਾਨ ਤਾਂ ਬਹੁਤ ਆਉਣਗੇ। ਲੇਕਿਨ ਕਰਮਿੰਦਰਿਆਂ ਨਾਲ ਕ੍ਰੋਧ ਆਦਿ ਕਰਨ ਤੇ ਪਾਪ ਹੋ ਜਾਵੇਗਾ। ਕਰਮ - ਅਕਰਮ, ਵਿਕਰਮ ਦੀ ਗਤੀ ਵੀ ਤੁਹਾਨੂੰ ਸਮਝਾਉਂਦਾ ਹਾਂ। ਤੁਹਾਡਾ ਕਰਮ ਵਿਕਰਮ ਨਹੀਂ ਬਣਨਾ ਚਾਹੀਦਾ। ਮੈਂ ਤੁਹਾਨੂੰ ਬੱਚਿਆਂ ਨੂੰ ਵਿਕ੍ਰਮਾਂਜਿੱਤ ਬਣਾਉਂਦਾ ਹਾਂ। ਇਹ ਤੇ ਰਾਹੂ ਦਾ ਗ੍ਰਹਿਣ ਹੈ। ਦੇ ਦਾਨ ਤਾਂ ਛੁੱਟੇ ਗ੍ਰਹਿਣ। ਬਾਪ ਕਹਿੰਦੇ ਹਨ - ਮੇਰੇ ਮਿੱਠੇ ਬੱਚੇ, ਇਹ ਪੰਜ ਭੂਤਾਂ ਦਾ ਦਾਨ ਦਵੋ, ਇਸ ਵਿਚ ਪੈਸੇ ਆਦਿ ਦੀ ਤੇ ਕੋਈ ਗੱਲ ਨਹੀਂ। ਇਹ ਤਾਂ ਬਾਪ ਹੈ, ਤੁਸੀਂ ਸਗੇ ਬੱਚੇ ਹੋ। ਬਾਪ ਨੂੰ ਤੇ ਸਗੇ ਬੱਚਿਆਂ ਦੀ ਮਦਦ ਕਰਨੀ ਹੀ ਹੈ। ਤੁਸੀਂ ਵੀ ਤਨ - ਮਨ - ਧਨ ਨਾਲ ਸੇਵਾ ਕਰਦੇ ਹੋ। ਬਾਪ ਦਾ ਵੀ ਫ਼ਰਜ਼ ਹੈ ਤੁਹਾਡੀ ਸੇਵਾ ਕਰੇ। ਬਾਪ ਕਹਿੰਦੇ ਹਨ - ਇਹ ਸਭ ਕੁਝ ਤੁਸੀਂ ਬੱਚਿਆਂ ਦਾ ਹੈ। ਭਗਤੀ ਮਾਰਗ ਵਿੱਚ ਤੁਸੀਂ ਭਗਵਾਨ ਨੂੰ ਦਿੰਦੇ ਆਏ ਹੋ। ਪ੍ਰੰਤੂ ਈਸ਼ਵਰ ਕੋਈ ਭੁੱਖਾ ਥੋੜ੍ਹੀ ਨਾ ਹੈ। ਇਹ ਤੁਸੀ ਇਨਸ਼ਿਓਰ ਕਰਦੇ ਹੋ। ਈਸ਼ਵਰ ਨੂੰ ਦੇਣ ਨਾਲ ਈਸ਼ਵਰ ਫਿਰ ਦੂਜੇ ਜਨਮ ਵਿੱਚ ਤੁਹਾਨੂੰ ਦੇਣਗੇ। ਇਹ ਇਨਸ਼ਿਓਰ ਕਰਨਾ ਹੋਇਆ ਨਾ। ਦੂਜੇ ਜਨਮ ਵਿਚ ਇਸ ਦਾ ਫਲ ਮਿਲਦਾ ਹੈ। ਈਸ਼ਵਰ ਹੈ ਦਾਤਾ। ਹੁਣ ਤੁਸੀਂ ਆਪਣੇ ਨੂੰ ਇਨਸ਼ਿਓਰ ਕਰਦੇ ਹੋ - 21 ਜਨਮ ਲਈ। ਉਹ ਇਨਸ਼ਿਓਰ ਕਰਦੇ ਹਨ ਇੱਕ ਜਨਮ ਦੇ ਲਈ। ਇੱਥੇ ਤਾਂ ਸਭ ਕੁਝ ਇਨਸ਼ਿਓਰ ਹੋ ਜਾਂਦਾ ਹੈ - 21 ਜਨਮਾਂ ਦੇ ਲਈ । ਕਿਹਾ ਜਾਂਦਾ ਹੈ ਸਨ ਸ਼ੋਜ਼ ਫਾਦਰ। ਦੇਖੋ ਫਾਦਰ (ਬ੍ਰਹਮਾ ਬਾਬਾ) ਦੇ ਕੋਲ ਜੋ ਕੁਝ ਸੀ ਸਭ ਈਸ਼ਵਰ ਅਰਥ ਬੱਚਿਆਂ ਦੀ ਸੇਵਾ ਵਿਚ ਲਗਾ ਦਿੱਤਾ, ਸ਼ਿਵਬਾਬਾ ਨੂੰ ਵਾਰਿਸ ਬਣਾ ਦਿੱਤਾ, ਤਨ, ਮਨ, ਧਨ ਸਭ ਕੁਝ ਦੇ ਦਿੱਤਾ ਤਾਂ ਉਸਦੇ ਬਦਲੇ ਵਿੱਚ ਫਿਰ ਆਪਣੇ ਪੁਰਸ਼ਾਰਥ ਨਾਲ ਵਿਸ਼ਵ ਦੀ ਬਾਦਸ਼ਾਹੀ ਮਿਲਦੀ

ਹੈ ਕਿਉਂਕਿ ਡਾਇਰੈਕਟ ਹੈ ਨਾ। ਤੁਸੀਂ ਮੇਰਾ ਬਣਨ ਨਾਲ 21 ਜਨਮ ਸਵਰਗ ਦੇ ਮਾਲਿਕ ਬਣਦੇ ਹੋ ਪ੍ਰੰਤੂ ਜਿੰਨਾਂ ਬਲੀ ਚੜਨਗੇ, ਉਤਨਾ ਵਰਸਾ ਮਿਲੇਗਾ। ਦੇਹ ਸਹਿਤ ਸਭ ਕੁਝ ਬਲੀ ਚੜਾਉਣਾ ਹੈ। ਜੋ ਮਦਰ ਫਾਦਰ ਨੂੰ ਫਾਲੋ ਕਰਨਗੇ ਉਹ ਹੀ ਫਿਰ ਤਖ਼ਤ ਤੇ ਵੀ ਬੈਠਣਗੇ। ਤਾਂ ਬਾਪ ਕਹਿੰਦੇ ਹਨ ਦੇ ਦਾਨ ਤਾਂ ਛੁੱਟੇ ਗ੍ਰਹਿਣ। ਦਾਨ ਦੇਕੇ ਅਤੇ ਫਿਰ ਜੇਕਰ ਵਾਪਿਸ ਲੈਂਦੇ ਤਾਂ ਦੁਰਗਤੀ ਨੂੰ ਹੀ ਪਾਉਣਗੇ। ਪੂਰਾ ਪੁਰਸ਼ਾਰਥ ਕਰਨਾ ਹੈ। ਪੁਰਸ਼ਾਰਥੀ ਸਟੂਡੈਂਟ ਚੰਗੀ ਤਰ੍ਹਾਂ ਪੜਦੇ ਤਾਂ ਨੰਬਰ ਵੀ ਲੈਂਦੇ ਹਨ। ਤੁਸੀਂ ਵੀ ਪੁਰਸ਼ਾਰਥ ਕਰ ਉੱਚ ਨੰਬਰ ਲਵੋ। ਇਸ ਵਿੱਚ ਕੋਈ ਤਕਲੀਫ ਦੀ ਗੱਲ ਨਹੀਂ, ਸਿਰਫ ਪਵਿੱਤ੍ਰ ਰਹਿਣਾ ਹੈ। ਇਸ ਦੇ ਲਈ ਬਾਬਾ ਤੋਂ ਬਲ ਵੀ ਮਿਲਦਾ ਹੈ। ਖੁਸ਼ੀ ਦਾ ਪਾਰਾ ਵੀ ਚੜਦਾ ਹੈ।

ਸਾਨੂੰ ਦੇਵਤਾ ਬਣਨਾ ਹੈ ਤਾਂ ਕੋਈ ਅਵਗੁਣ ਨਹੀਂ ਹੋਣਾ ਚਾਹੀਦਾ। 16 ਕਲਾ ਸੰਪੂਰਨ, ਸੰਪੂਰਨ ਨਿਰਵਿਕਾਰੀ ਇੱਥੇ ਹੀ ਬਣਨਾ ਹੈ ਤਾਂ ਕੋਈ ਅਵਗੁਣ ਨਹੀਂ ਹੋਣਾ ਚਾਹੀਦਾ। ਅਧਾਕਲਪ ਵਿਕਾਰੀ ਬਣੇ ਹੋ ਤਾਂ ਮਾਇਆ ਵੀ ਕਹਿੰਦੀ ਹੈ ਹੁਣ ਇਹ ਨਿਰਵਿਕਾਰੀ ਬਣਦੇ ਹਨ, ਮੈਂ ਫਿਰ ਵਿਕਾਰੀ ਬਣਾਉਂਦੀ ਹਾਂ। ਇਹ ਚਲਦੀ ਹੈ ਮਾਇਆ ਦੀ ਯੁੱਧ। ਇਹ ਹੈ ਮੁਸ਼ਕਿਲਾਤ। ਮਾਇਆ ਤੇ ਜਿੱਤ ਪਾਉਣੀ ਹੈ। ਉਨ੍ਹਾਂ ਨੇ ਫਿਰ ਹਿੰਸਕ ਲੜਾਈ ਵਿਖਾ ਖੰਡਨ ਕਰ ਦਿੱਤਾ ਹੈ। ਤੁਸੀਂ ਮਾਇਆ ਤੇ ਜਿੱਤ ਪਾਉਣ ਨਾਲ ਵਿਸ਼ਵ ਦੇ ਮਾਲਿਕ ਬਣਦੇ ਹੋ। ਬੱਚੇ ਸਮਝਦੇ ਹਨ ਬਾਪ ਨੂੰ ਪੰਜ ਵਿਕਾਰਾਂ ਦਾ ਦਾਨ ਨਹੀਂ ਦੇਣ ਗੇ ਤਾਂ ਸ਼੍ਰੀ ਨਰਾਇਣ ਅਤੇ ਲਕਸ਼ਮੀ ਨੂੰ ਵਰ ਨਹੀਂ ਸਕਣਗੇ। ਤਾਂ ਤੁਸੀਂ ਬੱਚਿਆਂ ਨੂੰ ਦਿਲ ਦਰਪਣ ਵਿੱਚ ਵੇਖਣਾ ਚਾਹੀਦਾ ਹੈ - ਮੈਂ ਕਰਮਿੰਦਰਿਆਂ ਨਾਲ ਤੇ ਕੁਝ ਨਹੀਂ ਕੀਤਾ? ਮਾਇਆ ਦੇ ਤੁਫਾਨ ਤੇ ਪਹਿਲੇ ਤੋਂ ਵੀ ਜ਼ਬਰਦਸਤ ਆਉਣਗੇ। ਵੈਧ ਲੋਕ ਦਵਾਈ ਦਿੰਦੇ ਹਨ ਤਾਂ ਕਹਿੰਦੇ ਹਨ ਕਿ ਪਹਿਲੇ ਵਾਲੀ ਪੁਰਾਣੀ ਬਿਮਾਰੀ ਨਿਕਲੇਗੀ। ਇਸ ਵਿੱਚ ਡਰਨਾ ਨਹੀਂ ਹੈ। ਇਹ ਤਾਂ ਆਉਣਗੇ। ਇਹ ਵੀ ਸਰਜਨ ਹੈ। ਕਹਿੰਦੇ ਹਨ ਕਿ ਤੁਸੀਂ ਮੇਰੇ ਬੱਚੇ ਬਣੋਗੇ ਤਾਂ ਫਿਰ ਤੁਹਾਡੀ ਖੂਬ ਰਾਵਣ ਨਾਲ ਯੁੱਧ ਹੋਵੇਗੀ। ਮਾਇਆ ਖੂਬ ਵਾਰ ਕਰਨ ਲੱਗੇਗੀ ਇਸਲਈ ਤੂਫ਼ਾਨ ਤੋਂ ਡਰਨਾ ਨਹੀਂ ਹੈ। ਬਾਪ ਦੇ ਬਣੇ ਹੋ ਤਾਂ ਇਹ ਬਚਪਨ ਭੁੱਲ ਨਹੀਂ ਜਾਣਾ। ਇਹ ਹੈ ਈਸ਼ਵਰੀਏ ਬਚਪਨ। ਈਸ਼ਵਰ ਦੀ ਗੋਦ ਵਿਚ ਇੱਕ ਵਾਰੀ ਆਏ ਫਿਰ ਦੇਵਤਾਈ ਗੋਦ ਵਿੱਚ 21 ਵਾਰੀ ਜਾਵੋਗੇ। ਈਸ਼ਵਰਏ ਜਨਮ ਦੇ ਬਾਅਦ ਤੁਸੀਂ ਸਵਰਗ ਵਿਚ ਜਾਂਦੇ ਹੋ। ਸਰਟੀਫਿਕੇਟ ਲੈਣਾ ਹੈ। ਬਾਬਾ, ਮੈਂ ਤੁਹਾਡਾ ਸਪੂਤ ਬੱਚਾ ਹਾਂ ਜਾਂ ਕਪੂਤ? ਤਾਂ ਬਾਬਾ ਦੱਸ ਸਕਦੇ ਹਨ, ਸਪੂਤ ਵੀ ਕਿਸ ਨੰਬਰ ਵਿੱਚ ਹੋ? ਕੀ ਕਹਾਣੀ ਹੈ? ਬਾਬਾ ਦੱਸ ਸਕਦੇ ਹਨ। ਖੁਦ ਵੀ ਸਮਝ ਸਕਦੇ ਹਨ ਕਿ ਅਸੀਂ ਸਰਵਿਸ ਨਹੀਂ ਕਰਦੇ ਹਾਂ ਤਾਂ ਇੰਨਾਂ ਉੱਚ ਪਦਵੀ ਕਿਵੇਂ ਪਾਵਾਂਗੇ? ਅੱਛਾ, ਬਾਬਾ ਕਹਿੰਦੇ ਹਨ ਤੁਸੀਂ ਕੀ ਕਰੋ, ਇੱਕ ਹਸਪਤਾਲ ਜਾਂ ਕਾਲੇਜ਼ ਖੋਲ ਦਵੋ। ਭਾਵੇਂ ਤੁਸੀਂ ਇਸ ਵਿੱਚ ਜਾਣਾ ਨਹੀਂ, ਹੋਰ ਬਹੁਤ ਲੋਕੀ ਸ਼ਫ਼ਾ ਪਾਉਣਗੇ ਤਾਂ ਉਸ ਦਾ ਇਜ਼ਾਫਾ ਤੁਹਾਨੂੰ ਮਿਲੇਗਾ। ਮਨੁੱਖ ਧਰਮਸ਼ਾਲਾ ਬਣਾਉਂਦੇ ਹਨ, ਇਸਲਈ ਕਿ ਬਹੁਤ ਆਕੇ ਵਿਸ਼ਰਾਮ ਪਾਉਣਗੇ ਤਾਂ ਦੂਜੇ ਜਨਮ ਵਿਚ ਉਸਨੂੰ ਚੰਗਾ ਮਹਿਲ ਮਿਲੇਗਾ। ਬਾਬਾ ਦੇ ਕੋਲ ਬਹੁਤ ਆਉਂਦੇ ਹਨ, ਇਹ ਹਸਪਤਾਲ ਖੋਲੋ, ਅਸੀਂ ਮਦਦ ਦੇਵਾਂਗੇ। ਵੱਡੀ ਹਸਪਤਾਲ ਖੋਲੋ। ਜੇਕਰ ਗਿਆਨ ਉਠਾਉਣ ਦੀ ਖੁਦ ਨੂੰ ਫੁਰਸਤ ਨਹੀਂ, ਤਾਂ ਅੱਛਾ ਤਿੰਨ ਪੈਰ ਪ੍ਰਿਥਵੀ ਦੇ ਲੈਕੇ ਇਹ ਹਸਪਤਾਲ ਕੰਮ ਕਾਲੇਜ਼ ਖੋਲ ਦਵੋ। ਹਸਪਤਾਲ ਵਿਚ ਐਵਰਹੇਲਦੀ ਬਣੋਗੇ। ਕਾਲੇਜ ਨਾਲ ਐਵਰਵੈਲਦੀ ਬਣਦੇ ਹਨ। ਬਹੁਤ ਆਕੇ ਬਣਨਗੇ ਤਾਂ ਤੁਹਾਡਾ ਪੁੰਨ ਹੋਵੇਗਾ। ਜਸਤੀ ਖਰਚਾ ਵੀ ਨਹੀਂ ਹੈ। ਅੱਜਕਲ ਪੈਸੇ ਕਿੰਨੇ ਕਮਾਉਂਦੇ ਹਨ, ਕਰੋੜਾਂ ਦੀ ਅਸਾਮੀ ਹੈ! ਕੀ ਉਨ੍ਹਾਂ ਦਾ ਪੁੱਤਰ - ਪੋਤਰੇ ਖਾਣਗੇ? ਧੂਰ ਵੀ ਨਹੀਂ, ਸਭ ਵਿਨਾਸ਼ ਹੋ ਜਾਵੇਗਾ। ਰਾਜਾਈ ਗਰੀਬਾਂ ਨੂੰ ਮਿਲਦੀ ਹੈ। ਗਰੀਬ ਨਿਵਾਜ ਹੈ ਨਾ। ਇਹ ਬਾਬਾ ਨੰਬਰਵਨ ਸਧਾਰਨ ਸੀ। ਹਜਾਰ ਦੋ ਹਨ ਤਾਂ ਉਨ੍ਹਾਂ ਨੂੰ ਗਰੀਬ ਕਹਾਂਗੇ। ਇੱਥੇ ਗਰੀਬ ਵੀ ਚੰਗੀ ਪਦਵੀ ਪਾ ਸਕਦੇ ਹਨ। ਕਿਸੇ ਦਾ ਲੱਖ - ਕਰੋੜ ਲੈਕੇ ਕੀ ਕਰਾਂਗੇ? ਗਰੀਬਾਂ ਦੀ ਪਾਈ - ਪਾਈ ਲੈਕੇ ਹੀ ਸਥਾਪਨਾ ਕਰਦੇ ਹਨ। ਗਾਂਧੀ ਨੂੰ ਕਿੰਨਾਂ ਦਾਨ ਦਿੰਦੇ ਸਨ, ਉਸ ਵਿੱਚ ਕਿੰਨੇ ਮਰੇ! ਕਿਨੀਆਂ ਤਕਲੀਫਾਂ ਸਹਿਣ ਕੀਤੀਆਂ! ਤੁਹਾਨੂੰ ਤੇ ਕੋਈ ਤਕਲੀਫ ਨਹੀਂ। ਬਾਪ ਕਹਿੰਦੇ ਹਨ ਤੁਸੀਂ ਪਹਿਲੇ ਰਾਜਯੋਗ ਸਿੱਖੋ ਤਾਂ ਤੁਹਾਨੂੰ ਰਾਜਾਈ ਦੇਵਾਂਗੇ। ਇਹ ਰਾਜ ਤਾਂ ਮ੍ਰਿਗਤ੍ਰਿਸ਼ਨਾ ਤਰ੍ਹਾਂ ਹੈ। ਕਹਾਣੀ ਹੈ ਨਾ ਦ੍ਰੋਪਦੀ ਨੇ ਦੁਰਯੋਧਨ ਨੂੰ ਨਿਮੰਤਰਣ ਦਿੱਤਾ। ਉਹ ਆਇਆ ਤਾਂ ਤਾਲਾਬ ਸਮਝ ਕੱਪੜੇ ਉਤਾਰਨ ਲੱਗਾ ਤਾਂ ਦ੍ਰੋਪਦੀ ਨੇ ਕਿਹਾ - ਅੰਨੇ ਦੀ ਔਲਾਦ ਅੰਨ੍ਹੀ। ਇਹ ਤਾਂ ਰੁੰਨਿਆ ਦਾ ਪਾਣੀ ( ਮ੍ਰਿਗਤ੍ਰਿਸ਼ਨਾ) ਹੈ। ਸਭ ਸਮਝਦੇ ਹਨ ਅਸੀਂ ਸਵਰਾਜ ਪਾ ਲਿਆ ਹੈ, ਪ੍ਰੰਤੂ ਕਿਨਾਂ ਦੁੱਖ ਹੈ! ਪ੍ਰਜਾ ਕਿੰਨੀ ਦੁਖੀ ਹੈ, ਮੌਤ ਸਾਮਣੇ ਖੜਾ ਹੈ। ਬਾਪ ਕਹਿੰਦੇ ਹਨ ਇਹ ਸਭ ਮਰੇ ਪਏ ਨੇ। ਕਬ੍ਰੀਸਥਾਨ ਹੈ ਤੁਹਾਨੂੰ ਫਿਰ ਪਰੀਸਥਾਨ ਬਨਾਉਣਾ ਹੈ। ਹੀਰੇ - ਮੋਤੀਆਂ ਦੇ ਮਹਿਲ ਬਨਾਉਣਗੇ। ਇੱਥੇ ਤੇ ਹੈ ਪੱਥਰਪੁਰੀ, ਉੱਥੇ ਹੋਵੇਗੀ ਸੋਨੇ ਦੀ ਇਸਲਈ ਬਾਪ ਸਮਝਾਉਂਦੇ ਹਨ - ਦੇ ਦਾਨ ਤਾਂ ਛੁੱਟੇ ਗ੍ਰਹਿਣ, ਫਿਰ 16 ਕਲਾ ਸੰਪੂਰਨ ਹੋ ਜਾਵੋਗੇ। ਹਾਲੇ ਤੁਸੀਂ ਪਤਿਤ ਹੋ, ਮਨੁੱਖ ਕਿੰਨੇ ਦੁਖੀ ਹਨ। ਲੜਾਈ ਲਗਦੀ ਹੈ ਤਾਂ ਨੀਂਦ ਫਿਟ ਜਾਂਦੀ ਹੈ। ਆਰਾਮ ਨਹੀਂ ਆਉਂਦਾ ਹੈ, ਨੀਂਦ ਦੀ ਗੋਲੀ ਲੈਕੇ ਨੀਂਦ ਕਰਦੇ ਹਨ। ਇਹ ਹੈ ਹੀ ਰਾਵਣ ਰਾਜ। ਹੁਣ ਦੁਸ਼ਹਿਰੇ ਤੇ ਰਾਵਣ ਨੂੰ ਸਾੜਨਗੇ, ਇਹ ਅੰਤ ਤੱਕ ਸਾੜਦੇ ਰਹਿਣਗੇ, ਜਦ ਤੱਕ ਕਿ ਵਿਨਾਸ਼ ਹੋਵੇ। ਵਿਨਾਸ਼ ਤੋਂ ਬਾਦ ਫਿਰ ਰਾਵਣ ਸਾੜਨ ਗੇ ਨਹੀਂ। ਫਿਰ ਦਵਾਪਰ ਦੇ ਬਾਦ ਰਾਵਣ ਕੱਢਦੇ ਹਨ ਸਾੜਨ ਦੇ ਲਈ। ਸਾਲ - ਸਾਲ ਰਾਵਣ ਨੂੰ ਸਾੜਦੇ ਹਨ ਪਰ ਮਰਦਾ ਹੀ ਨਹੀਂ। ਸਾਲ - ਸਾਲ ਤੁਸੀਂ ਰੱਖੜੀ ਮਨਾਉਂਦੀ ਹੋ, ਰਾਖੀ ਬੰਨਦੀ ਹੋ ਫਿਰ ਅਪਵਿੱਤ੍ਰ ਬਣ ਜਾਂਦੇ ਹਨ।

ਲਕਸ਼ਮੀ - ਨਾਰਾਇਣ ਦੇ ਕੋਲ ਤਾਂ ਕਿੰਨਾਂ ਅਥਾਹ ਧਨ ਸੀ। ਕਿੰਨੀ ਉਨ੍ਹਾਂ ਦੀ ਪੂਜਾ ਹੁੰਦੀ ਹੈ! ਪੂਜਾ ਸਿਰਫ ਲਕਸ਼ਮੀ ਦੀ ਥੋੜ੍ਹੀ ਨਾ ਕਰਦੇ ਹਨ, ਚਤੁਰਭੁੱਜ ਦੀ ਕਰਦੇ ਹਨ। ਉਸ ਵਿੱਚ ਦੋਵੇਂ ਆ ਜਾਂਦੇ ਹਨ। ਲਕਸ਼ਮੀ ਦੇ ਨਾਲ ਨਾਰਾਇਣ ਤਾਂ ਜਰੂਰ ਚਾਹੀਦਾ ਹੈ ਇਸਲਈ ਦੋਵਾਂ ਦੀ ਪੂਜਾ ਕਰਦੇ ਹਨ। ਜੋੜੀ ਬਿਨਾਂ ਕੰਮ ਕਿਵੇਂ ਚੱਲੇਗਾ? ਪ੍ਰਵ੍ਰਤੀ ਮਾਰਗ ਹੈ ਨਾ। ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਬੱਚੇ ਪੁੱਛਦੇ ਹਨ ਦੀਵਾਲੀ ਤੇ ਸਭ ਕਹਿੰਦੇ ਹਨ - ਜੇਕਰ ਲਕਸ਼ਮੀ ਦੀ ਪੂਜਾ ਨਹੀਂ ਕੀਤੀ ਤਾਂ ਧਨ ਤੁਹਾਡੇ ਕੋਲ ਨਹੀਂ ਆਵੇਗਾ

ਇਸਲਈ ਬਾਬਾ ਰਾਏ ਦਿੰਦੇ ਹਨ - ਬੱਚੇ, ਇਸ ਵਿੱਚ ਵੀ ਸਾਖਸ਼ੀ ਹੋਕੇ ਪਾਰਟ ਵਜਾਓ, ਨਹੀਂ ਤਾਂ ਖਿਟ - ਖਿਟ ਹੋਵੇਗੀ। ਜਿਵੇਂ ਬਾਬਾ ਕਹਿੰਦੇ ਹਨ - ਬੱਚੀ ਦੀ ਸ਼ਾਦੀ ਕਰਾਉਣੀ ਹੈ ਤਾਂ ਸਾਖਸ਼ੀ ਹੋਕੇ ਪਾਰਟ ਵਜਾਓ, ਨਹੀਂ ਤਾਂ ਝਗੜਾ ਹੋਵੇਗਾ। ਬੱਚੀਆਂ ਨਿਰਵਿਕਾਰੀ ਨਹੀਂ ਰਹਿਣਾ ਚਾਹੁੰਦੀ ਤਾਂ ਲਾਚਾਰੀ ਹਾਲਤ ਵਿੱਚ ਉਨ੍ਹਾਂ ਦੀ ਸ਼ਾਦੀ ਕਰਵਾ ਦੋ। ਪਵਿਤ੍ਰ ਰਹਿਣਾ ਨਹੀਂ ਚਾਹੁੰਦੀ ਹੈ ਤਾਂ ਰਵਾਨਾ ਕਰ ਦੇਣਾ ਹੈ, ਤੰਗ ਨਹੀਂ ਕਰਨਾ ਹੈ। ਕੁਮਾਰੀ ਉਹ ਜੋ 21 ਕੁਲ ਦਾ ਉਧਾਰ ਕਰੇ। ਤੁਸੀਂ ਸਭ ਬ੍ਰਹਮਾਕੁਮਾਰੀਆਂ ਹੋ, ਤੁਹਾਡਾ ਧੰਧਾ ਹੈ ਹੀ ਸਭ ਨੂੰ ਸਵਰਗ ਦਾ ਮਾਲਿਕ ਬਨਾਉਣਾ। ਦਿਲ ਤੋਂ ਪੁੱਛੋ - ਅਸੀਂ ਕਿੰਨਿਆਂ ਨੂੰ ਆਪ ਸਮਾਨ ਬਣਾਉਂਦੇ ਹਾਂ? ਮਿਸ਼ਨ ਹੈ ਨਾ। ਇੱਥੇ ਤੁਸੀਂ ਮਨੁੱਖ ਤੋਂ ਦੇਵਤਾ ਬਣਾਉਂਦੇ ਹੋ ਤਾਂ ਬਹੁਤ ਮੇਹਨਤ ਕਰਨੀ ਚਾਹੀਦੀ ਹੈ। ਤੁਸੀਂ ਖੁਦਾਈ ਖ਼ਿਦਮਤਗਾਰ ਹੋ। ਮੈਂ ਤੁਹਾਨੂੰ ਦੁੱਖ ਤੋਂ ਛੁਡਾਕੇ ਸਵਰਗ ਦਾ ਮਾਲਿਕ ਬਣਾਉਂਦਾ ਹਾਂ। ਮੈਂ ਹਾਂ ਹੀ ਨਿਸ਼ਕਾਮ। ਤੁਹਾਨੂੰ ਰਾਜਾਈ ਦੇਕੇ ਮੈਂ ਵਾਨਪ੍ਰਸਥ ਵਿੱਚ ਚਲਾ ਜਾਂਦਾ ਹਾਂ। ਮੈਨੂੰ ਰਜਾਈ ਕਰਨ ਦੀ ਤਮੰਨਾ ਨਹੀਂ ਹੈ। ਤੁਹਾਨੂੰ ਰਾਜ ਦਿੰਦਾ ਹਾਂ। ਤੁਸੀਂ ਆਪਣਾ ਰਾਜ ਭਾਗ ਫਿਰ ਤੋਂ ਲੈ ਲਵੋ। ਤੁਸੀਂ ਜਾਣਦੇ ਹੋ ਅਸੀਂ ਸੋ ਦੇਵੀ - ਦੇਵਤੇ ਸੀ, 84 ਜਨਮ ਪਾਸ ਕਰ ਹੁਣ ਅਸੀ ਰਾਵਣ ਦੇ ਸੰਪ੍ਰਦਾਈ ਬਣੇ। ਰਾਵਣ ਨੂੰ ਹਮੇਸ਼ ਸਾੜਦੇ ਹਨ। ਰਾਵਣ ਦੀ ਕਦੇ ਪੂਜਾ ਨਹੀਂ ਕਰਦੇ। ਜੋ ਸੁਖ ਦਿੰਦਾ ਹੈ ਉਸ ਨੂੰ ਪੂਜਿਆ ਜਾਂਦਾ ਹੈ। ਰਾਵਣ ਦਾ ਚਿਤ੍ਰ ਬਣਾਇਆ ਅਤੇ ਸਾੜਿਆ, ਉਹ ਤਾਂ ਸਦਾ ਦੁੱਖ ਦੇਣ ਵਾਲਾ ਹੈ। ਦੁੱਖ ਦੇਣ ਵਾਲੇ ਦੀ ਮਹਿਮਾ ਫਿਰ ਕਿਵੇਂ ਕਰਨਗੇ? ਸ਼ਿਵਬਾਬਾ ਹੈ ਸੁਖਦਾਤਾ। ਉਨ੍ਹਾਂ ਤੇ ਰੋਜ਼ ਜਾਕੇ ਫੁੱਲ ਚੜ੍ਹਾਉਂਦੇ ਹਨ। ਆਕੂਪੇਸ਼ਨ ਤਾਂ ਕੁਝ ਵੀ ਨਹੀਂ ਜਾਣਦੇ। ਅੱਜਕਲ ਤੇ ਅੰਧਸ਼ਰਧਾ ਬਹੁਤ ਹੈ।

ਬਾਬਾ ਕਹਿੰਦੇ ਹਨ ਜਿਸ ਤੋਂ ਤੁਹਾਨੂੰ ਸਵਰਗ ਦਾ ਸੁਖ ਮਿਲਦਾ ਹੈ ਅਜਿਹੇ ਬਾਪ ਨੂੰ ਭੁੱਲ ਨਹੀਂ ਜਾਣਾ। ਫਿਰ ਸਵਰਗ ਦੇ ਸੁਖ ਘਨੇਰੇ ਮਿਲ ਨਹੀਂ ਸਕਣਗੇ। ਮੰਮਾ ਬਾਬਾ ਕਿਹਾ ਤਾਂ ਸਵਰਗ ਵਿਚ ਤੇ ਆਵੋਗੇ ਪ੍ਰੰਤੂ ਆਕੇ ਨੌਕਰ ਚਾਕਰ ਬਣਨਗੇ। ਗੀਤ ਦਾ ਅਰਥ ਵੀ ਬੱਚਿਆਂ ਨੇ ਸਮਝਿਆ। ਈਸ਼ਵਰ ਦਾ ਬਣਕੇ ਇਸ ਬਚਪਨ ਨੂੰ ਭੁੱਲ ਨਹੀਂ ਜਾਣਾ। ਆਸੁਰੀ ਸੰਤਾਨ ਤੋਂ ਬਦਲ ਤੁਸੀਂ ਈਸ਼ਵਰਏ ਸੰਤਾਨ ਬਣਦੇ ਹੋ ਫਿਰ ਦੈਵੀ ਸੰਤਾਂਨ ਬਣੋਗੇ। ਇਹ ਹੈ ਈਸ਼ਵਰੀਏ ਜਨਮ। ਇਸ ਵੇਲੇ ਤੁਸੀਂ ਸੇਵਾਧਾਰੀ ਹੋ। ਤੁਸੀਂ ਹੋ ਰੂਹਾਨੀ ਸ਼ੋਸ਼ਲ ਵਰਕਰ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਈਸ਼ਵਰੀਏ ਜਨਮ ਲੈਕੇ ਕੋਈ ਵੀ ਅਕਰਤਿਆ ਨਹੀਂ ਕਰਨਾ ਹੈ। ਸਪੂਤ ਬੱਚਾ ਬਣਨਾ ਹੈ। ਅਵਗੁਣ ਨਿਕਾਲ ਦੇਵਤਾਈ ਗੁਣ ਧਾਰਨ ਕਰਨੇ ਹਨ।

**2.** ਖੁਦਾਈ ਖ਼ਿਦਮਤਗਾਰ ਬਣ ਰੂਹਾਨੀ ਸੇਵਾ ਨਾਲ ਸਭ ਨੂੰ ਆਪ ਸਮਾਨ ਬਨਾਉਣਾ ਹੈ। ਤਿੰਨ ਪੈਰ ਪ੍ਰਿਥਵੀ ਲੈਕੇ ਹਸਪਤਾਲ ਕਮ ਕਾਲੇਜ ਖੋਲ ਦੇਣਾ ਹੈ। ਤਨ - ਮਨ - ਧਨ ਨਾਲ ਪੂਰਾ ਮਦਦਗਾਰ ਬਣਨਾ ਹੈ।

ਵਰਦਾਨ:- ਕਰਮਯੋਗੀ ਬਣ ਹਰ ਕੰਮ ਨੂੰ ਕੁਸ਼ਲਤਾ ਅਤੇ ਸਫਲਤਾ ਪੂਰਵਕ ਕਰਨ ਵਾਲੇ ਚਿੰਤਾ ਮੁਕਤ ਭਵ।

ਕਈ ਬੱਚਿਆਂ ਨੂੰ ਕਮਾਉਣ ਦੀ, ਪਰਿਵਾਰ ਨੂੰ ਪਾਲਣ ਦੀ ਚਿੰਤਾ ਰਹਿੰਦੀ ਹੈ ਲੇਕਿਨ ਚਿੰਤਾ ਵਾਲਾ ਕਦੇ ਕਮਾਈ ਵਿੱਚ ਸਫਲ ਨਹੀਂ ਹੋ ਸਕਦਾ। ਚਿੰਤਾ ਨੂੰ ਛੱਡਕੇ ਕਰਮਯੋਗੀ ਬਣ ਕੰਮ ਕਰੋ ਤਾਂ ਜਿੱਥੇ ਯੋਗ ਹੈ ਉਥੇ ਕੋਈ ਵੀ ਕੰਮ ਕੁਸ਼ਲਤਾ ਅਤੇ ਸਫਲਤਾ ਪੂਰਵਕ ਸੰਪੰਨ ਹੋਵੇਗਾ। ਜੇਕਰ ਚਿੰਤਾ ਨਾਲ ਕਮਾਇਆ ਹੋਇਆ ਪੈਸਾ ਆਵੇਗਾ ਵੀ ਤਾਂ ਚਿੰਤਾ ਹੀ ਪੈਦਾ ਕਰੇਗਾ, ਅਤੇ ਯੋਗਯੁਕਤ ਬਣ ਖੁਸ਼ੀ - ਖੁਸ਼ੀ ਨਾਲ ਕਮਾਇਆ ਹੋਇਆ ਪੈਸਾ ਖੁਸ਼ੀ ਦਵਾਏਗਾ ਕਿਉਂਕਿ ਜਿਵੇਂ ਦਾ ਬੀਜ ਹੋਵੇਗਾ ਉਵੇਂ ਦਾ ਹੀ ਫਲ ਨਿਕਲੇਗਾ।

ਸਲੋਗਨ:- ਸਦਾ ਗੁਣ ਰੂਪੀ ਮੋਤੀ ਗ੍ਰਹਿਣ ਕਰਨ ਵਾਲੇ ਹੋਲੀ ਹੰਸ ਬਣੋ, ਕੰਕੜ ਪੱਥਰ ਲੈਣ ਵਾਲੇ ਨਹੀਂ।

******